# ਪੰਜਾਬ ਸਕੂਲ ਸਿੱਖਿਆ ਬੋਰਡ

## ਪਬਲਿਕ ਨੋਟਿਸ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਿਤੀ 18-06-2011 ਨੂੰ ਡਾਟਾ ਐਂਟਰੀ ਓਪਰੇਟਰਜ਼ ਦੀਆਂ ਵਿਗਿਆਪਤ ਕੀਤੀਆਂ 50 ਅਸਾਮੀਆਂ ਭਰਨ ਲਈ ਪ੍ਰਾਪਤ ਹੋਈਆਂ ਅਰਜ਼ੀਆਂ ਵਿੱਚੋਂ ਯੋਗ ਉਮੀਦਵਾਰਾਂ ਦਾ ਗ੍ਰੈਜੂਏਟ ਲੈਵਲ ਦਾ ਲਿਖਤੀ ਟੈਸਟ ਮਿਤੀ 16-10-2011 ਨੂੰ ਐਸ.ਏ.ਐਸ. ਨਗਰ (ਮੁਹਾਲੀ) ਵਿਖੇ 11.30 ਵਜੇ (ਸਵੇਰੇ) ਤੋਂ 12.30 ਵਜੇ (ਦੁਪਹਿਰ) ਤੱਕ ਲਿਆ ਜਾਵੇਗਾ। ਯੋਗ ਉਮੀਦਵਾਰ ਆਪਣੀ ਰੋਲ ਨੰਬਰ ਸਲਿਪ, ਜਿਸ ਵਿੱਚ ਉਮੀਦਵਾਰ ਦੇ ਵੇਰਵੇ ਅਤੇ ਪ੍ਰੀਖਿਆ ਕੇਂਦਰ ਦਾ ਨਾਮ ਦਰਜ ਹੈ, ਬੋਰਡ ਦੀ ਵੈਬਸਾਈਟ **www.pseb.ac.in** ਤੋਂ ਡਾਊਨ ਲੋਡ ਕਰਕੇ ਉਸ ਉਪਰ ਆਪਣੀ ਤਾਜ਼ਾ ਤਸਦੀਕ ਸ਼ੁਦਾ ਫੋਟੋ ਚਿਪਕਾ ਕੇ ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ ਤੇ ਹਾਜਰ ਹੋਣ। ਉਮੀਦਵਾਰ ਆਪਣੀ ਸ਼ਨਾਖਤ ਲਈ ਆਪਣਾ ਪਾਸਪੋਰਟ, ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ ਜਾਂ ਕਿਸੇ ਸਰਕਾਰੀ / ਅਰਧ-ਸਰਕਾਰੀ ਸੰਸਥਾ ਤੋਂ ਜਾਰੀ ਸ਼ਨਾਖਤੀ ਕਾਰਡ ਵਿੱਚੋਂ ਕੋਈ ਇੱਕ ਸਬੂਤ ਨਾਲ ਲੈ ਕੇ ਆਉਣ। ਵੈਬਸਾਈਟ ਤੇ ਦਰਸਾਏ ਅਯੋਗ ਉਮੀਦਵਾਰਾਂ ਦੀ ਸੂਚੀ ਵਿਚੋਂ ਜੇਕਰ ਕੋਈ ਉਮੀਦਵਾਰ ਆਪਣੀ ਯੋਗਤਾ ਸਬੰਧੀ ਪ੍ਰਮਾਣ ਪੇਸ਼ ਕਰ ਸਕਦਾ ਹੋਵੇ ਤਾਂ ਉਹ ਅਜਿਹਾ ਬੋਰਡ ਦੇ ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8 ਐਸ.ਏ.ਐਸ. ਨਗਰ (ਮੁਹਾਲੀ) ਨਾਲ ਮਿਤੀ 12-10-2011, 13-10-2011 ਅਤੇ 14-10-2011 ਨੂੰ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਕੇ ਆਪਣਾ ਰੋਲ ਨੰਬਰ ਦਸਤੀ ਪ੍ਰਾਪਤ ਕਰ ਸਕਦਾ ਹੈ। ਮੁਕੰਮਲ ਰੋਲ ਨੰਬਰ ਤੋ ਬਿਨ੍ਹਾਂ ਕਿਸੇ ਉਮੀਦਵਾਰ ਨੂੰ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਯੋਗ ਅਤੇ ਅਯੋਗ ਉਮੀਦਵਾਰਾਂ ਦੀ ਸੂਚੀ ਬੋਰਡ ਦੀ ਵੈਬਸਾਈਟ ਤੇ ਉਪਲਬਧ ਹੈ।

**ਸੰਪਰਕ ਲਈ ਟੈਲੀਫੋਨ ਨੰਬਰ:**

**0172-3047135,136,137**

ਸਯੁੰਕਤ-ਸਕੱਤਰ